FCA/1980 ਕਮੇਟੀ ਗਠਨ ਕਰਨ ਬਾਰੇ.

ਨੰ: FCA/1980/ 16125-32

ਵੱਲੋਂ

ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

1. ਪ੍ਰਮੁੱਖ ਸਕੱਤਰ,
ਸੈਰ-ਸਪਾਟਾ, ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ।
2. ਵਿੱਤੀ ਕਮਿਸ਼ਨਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ।
3. ਪ੍ਰਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ, ਪੰਜਾਬ।
4. ਪ੍ਰਮੁੱਖ ਸਕੱਤਰ,
ਇੰਡਸਟ੍ਰੀਜ ਅਤੇ ਕਾਮਰਸ ਵਿਭਾਗ, ਪੰਜਾਬ।
5. ਪ੍ਰਮੁੱਖ ਸਕੱਤਰ,
ਸਿੰਚਾਈ ਤੇ ਊਰਜਾ ਵਿਭਾਗ, ਪੰਜਾਬ।
6. ਸਕੱਤਰ,
ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ।
7. ਸਕੱਤਰ,
ਸਾਇੰਸ, ਟੈਕਨਾਲੋਜੀ ਅਤੇ ਵਾਤਾਵਰਨ, ਪੰਜਾਬ।
8. ਸਕੱਤਰ,
ਲੋਕ ਨਿਰਮਾਣ ਵਿਭਾਗ, ਪੰਜਾਬ।

ਮਿਤੀ 5-8-09

ਵਿਸ਼ਾ:- ਵਣ ਸੁਰੱਖਿਆ ਐਕਟ, 1980 ਅਧੀਨ ਭਾਰਤ ਸਰਕਾਰ ਪਾਸੋਂ ਪ੍ਰਵਾਨਗੀਆਂ ਪ੍ਰਾਪਤ ਕਰਨ ਸਬੰਧੀ ਪਾਲਿਸੀ ਗਾਈਡਲਾਈਨਜ ਸਬੰਧੀ ਹੋਈ ਮੀਟਿੰਗ ਦੀ ਕਾਰਵਾਈ ਬਾਰੇ।

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15-6-09 ਨੂੰ ਉਕਤ ਵਿਸ਼ੇ ਤੇ ਹੋਈ ਮੀਟਿੰਗ ਦੀ ਕਾਰਵਾਈ ਦੀ ਕਾਪੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਸਹਿਪੱਤਰ: ਉਪਰੋਕਤ ਵਾਂਗ

—— ਸਹੀ ——
ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 16133-35

ਮਿਤੀ 5-8-09

ਇਸ ਦੀ ਨਕਲ ਮੀਟਿੰਗ ਦੀ ਕਾਰਵਾਈ ਸਮੇਤ ਹੇਠ ਲਿਖਿਆਂ ਨੂੰ:-

1. ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ਨੂੰ ਸੂਚਨਾ ਲਈ, ਸਮੇਤ ਵਿਸ਼ੇ ਅਧੀਨ ਸਰਕਾਰ ਦੇ ਦਫਤਰ ਦੀਆਂ ਫਾਈਲਾਂ ਮੂਲ ਰੂਪ ਵਿੱਚ ਭੇਜੀਆਂ ਜਾਂਦੀਆਂ ਹਨ।
2. ਸਕੱਤਰ/ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਜਾਣਕਾਰੀ ਲਈ।
3. ਨਿੱਜੀ ਸਕੱਤਰ/ਮਾਨਯੋਗ ਵਣ ਮੰਤਰੀ, ਪੰਜਾਬ ਜੀ ਨੂੰ ਮਾਨਯੋਗ ਵਣ ਮੰਤਰੀ, ਪੰਜਾਬ ਜੀ ਦੀ ਜਾਣਕਾਰੀ ਲਈ।

ਸਹਿਪੱਤਰ: ਉਪਰੋਕਤ ਵਾਂਗ

—— ਸਹੀ ——
ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

Scanned by CamScanner

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15-6-09 ਨੂੰ ਵਣ ਸੁਰੱਖਿਆ ਐਕਟ 1980 ਅਧੀਨ ਭਾਰਤ ਸਰਕਾਰ ਪਾਸੋਂ ਪ੍ਰਵਾਨਗੀ ਪ੍ਰਾਪਤ ਕਰਨ ਸਬੰਧੀ ਗਾਈਡਲਾਈਨਜ਼ ਨਿਰਧਾਰਿਤ ਕਰਨ ਬਾਰੇ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਨੇ ਭਾਗ ਲਿਆ:-

1. ਸ੍ਰੀਮਤੀ ਗੀਤੀਕਾ ਕੱਲ੍ਹਾ, ਪ੍ਰਮੁੱਖ ਸਕੱਤਰ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਸਰਕਾਰ।
2. ਸ੍ਰੀ ਡੀ.ਐਸ. ਬੈਂਸ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ।
3. ਸ੍ਰੀ ਆਰ.ਸੀ. ਨੱਯਰ, ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਸਰਕਾਰ।
4. ਸ੍ਰੀ ਬੀ.ਸੀ. ਬਾਲਾ, ਪ੍ਰਧਾਨ ਮੁੱਖ ਵਣ ਪਾਲ, ਪੰਜਾਬ।
5. ਸ੍ਰੀ ਜੇ.ਐਸ. ਸੰਧੂ, ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ਸਰਕਾਰ।
6. ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.), ਪੰਜਾਬ ਸਰਕਾਰ।

ਵਿੱਤੀ ਕਮਿਸ਼ਨਰ, ਵਣ ਵੱਲੋਂ ਮੀਟਿੰਗ ਦੇ ਸ਼ੁਰੂ ਵਿੱਚ ਦੱਸਿਆ ਗਿਆ ਕਿ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 3-9-08 ਨੂੰ ਹੋਈ ਮੀਟਿੰਗ ਵਿੱਚ ਜੋ ਨੁਕਤੇ ਵਿਚਾਰੇ ਗਏ ਸਨ ਉਨ੍ਹਾਂ ਵਿੱਚੋਂ ਕੇਵਲ ਨੁਕਤਾ ਨੰਬਰ 5 ਜੋ ਕਿ ਪੀ.ਐਲ.ਪੀ.ਏ. 1900 ਦੀ ਧਾਰਾ 4 ਅਤੇ 5 ਅਧੀਨ ਬੰਦ ਰਕਬਿਆਂ ਵਿੱਚੋਂ ਭਾਰਤੀ ਵਣ ਸੁਰੱਖਿਆ ਐਕਟ, 1980 ਵਿੱਚ ਡਾਇਵਰਸ਼ਨ ਲਈ ਭੇਜੇ ਜਾਣ ਵਾਲੇ ਕੇਸਾਂ ਸਬੰਧੀ ਪਾਲਿਸੀ ਬਾਰੇ ਹੈ ਸਬੰਧੀ ਹੀ ਅੰਸ਼ਿਕ ਤੌਰ ਤੇ ਫੈਸਲਾ ਕੀਤਾ ਸੀ ਅਤੇ ਅੱਜ ਦੀ ਮੀਟਿੰਗ ਵਿੱਚ ਇਹ ਪੰਜ ਨੁਕਤੇ ਦੋਬਾਰਾ ਮੀਟਿੰਗ ਵਿੱਚ ਵਿਚਾਰੇ ਜਾਂਦੇ ਹਨ। ਇਸ ਲਈ ਹੇਠ ਅਨੁਸਾਰ ਇਨ੍ਹਾਂ ਨੁਕਤਿਆਂ ਨੂੰ ਮੀਟਿੰਗ ਵਿੱਚ ਵਿਚਾਰਿਆ ਗਿਆ :-

1. *Criteria for recommendation to Govt. of India for permission under Forest (Conservation) Act, 1980 for use of forest land for entry and exit to various establishments along PWD Roads.*

ਇਸ ਨੁਕਤੇ ਸਬੰਧੀ ਵਿੱਤੀ ਕਮਿਸ਼ਨਰ, ਵਣ ਵੱਲੋਂ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਵਣ ਵਿਭਾਗ ਵੱਲੋਂ ਸੜਕਾਂ ਲਈ ਐਂਟਰੀ ਅਤੇ ਐਗਜ਼ਿਟ ਲਈ ਵਣ ਰਕਬੇ ਦੀ ਡਾਇਵਰਸ਼ਨ ਦੇ ਕੇਸ ਪੀ.ਡਬਲਿਊ.ਡੀ./ ਐਨ.ਐਚ.ਏ.ਆਈ. ਦੀਆਂ ਨਿਰਧਾਰਿਤ ਗਾਈਡਲਾਈਨਜ਼ ਅਨੁਸਾਰ ਹੀ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ। ਮੀਟਿੰਗ ਵਿੱਚ ਵਿਚਾਰ-ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਪੀ.ਡਬਲਿਊ.ਡੀ. ਵਿਭਾਗ, ਰਾਜ ਵਿੱਚ ਸੜਕਾਂ ਤੇ ਐਂਟਰੀ ਅਤੇ ਐਗਜ਼ਿਟ ਬਾਰੇ ਪੀ.ਡਬਲਿਊ.ਡੀ./ ਐਨ.ਐਚ.ਏ.ਆਈ. (ਪੰਜਾਬ/ਭਾਰਤ ਸਰਕਾਰ) ਦੀਆਂ ਸਾਰੀਆਂ ਗਾਈਡਲਾਈਨਜ਼ ਨੂੰ ਸੰਕਲਿਤ ਕਰਕੇ ਇੱਕ ਬੁੱਕਲੈੱਟ ਫਾਰਮ ਵਿੱਚ 40 ਕਾਪੀਆਂ ਵਣ ਵਿਭਾਗ ਨੂੰ ਸਪਲਾਈ ਕਰੇਗਾ ਤਾਂ ਜੋ ਉਨ੍ਹਾਂ ਨੂੰ ਇੱਕਸਾਰਤਾ ਨਾਲ ਵਿਭਾਗ ਵਿੱਚ ਲਾਗੂ ਕੀਤਾ ਜਾ ਸਕੇ।

Scanned by CamScanner

2. ***Norms for mandatory inspection by officers incharge of concerned Territorial Circle in case of diversion of forest land for non forestry purpose.***

ਵਿੱਤੀ ਕਮਿਸ਼ਨਰ, ਵਣ ਵੱਲੋਂ ਮੀਟਿੰਗ ਵਿੱਚ ਦੱਸਿਆ ਗਿਆ ਕਿ ਇਹ ਮੁੱਦਾ ਵਿਭਾਗ ਦੀ ਅੰਦਰੂਨੀ ਕਾਰਗੁਜ਼ਾਰੀ ਨਾਲ ਸਬੰਧਤ ਹੋਣ ਕਰਕੇ ਵਿਭਾਗ ਵੱਲੋਂ ਪਹਿਲਾਂ ਹੀ ਵਣ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਏਜੰਡੇ ਵਿੱਚ ਤਜਵੀਜ਼ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਇਨ੍ਹਾਂ ਅਨੁਸਾਰ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਲਈ ਇਸ ਤੇ ਮੀਟਿੰਗ ਵਿੱਚ ਹੋਰ ਵਿਚਾਰ-ਵਟਾਂਦਰੇ ਦੀ ਲੋੜ ਨਹੀਂ ਸਮਝੀ ਗਈ।

3. ***Extent of Green Area/belt under trees in projects seeking permission under FCA 1980.***

ਇਸ ਸਬੰਧੀ ਮਿਤੀ 3-9-08 ਨੂੰ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪ੍ਰਮੁੱਖ ਸਕੱਤਰ, ਉਦਯੋਗ ਵੱਲੋਂ ਆਪਣੇ ਸੁਝਾਅ ਭੇਜਣ ਬਾਰੇ ਫੈਸਲਾ ਹੋਇਆ ਸੀ। ਮੀਟਿੰਗ ਵਿੱਚ ਪ੍ਰਮੁੱਖ ਸਕੱਤਰ, ਉਦਯੋਗ ਵੱਲੋਂ ਦੱਸਿਆ ਗਿਆ ਕਿ ਇਸ ਏਜੰਡਾ ਆਈਟਮ ਅਧੀਨ ਤਜਵੀਜ਼ ਕੀਤੇ ਅਨੁਸਾਰ ਗਰੀਨ ਬੈਲਟ ਲਈ ਰਕਬਾ ਮਾਰਕ/ਉਪਲੱਬਧ ਕਰਨਾ ਸੰਭਵ ਨਹੀਂ ਹੋਵੇਗਾ। ਇਸ ਤੇ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਪ੍ਰਮੁੱਖ ਸਕੱਤਰ, ਉਦਯੋਗ ਨੂੰ ਦੋਬਾਰਾ ਵਿਚਾਰ ਕੇ ਆਪਣੇ ਸੁਝਾਅ ਦੇਣ ਲਈ ਕਿਹਾ ਗਿਆ ਜਿਸ ਉਪਰੰਤ ਇਸ ਏਜੰਡਾ ਆਈਟਮ ਬਾਰੇ ਬਾਅਦ ਵਿੱਚ ਵਿਚਾਰ ਕੀਤਾ ਜਾਵੇਗਾ।

4. ***Criteria for recommendation of imposition of Penal Compensatory Afforestation in cases of regularization of violation under FCA, 1980.***

ਵਿੱਤੀ ਕਮਿਸ਼ਨਰ, ਵਣ ਵੱਲੋਂ ਮੁੱਖ ਸਕੱਤਰ, ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਹ ਮੁੱਦਾ ਵਿਭਾਗ ਦੇ ਆਪਣੇ ਕੰਮ-ਕਾਜ ਨਾਲ ਸਬੰਧਤ ਹੋਣ ਕਰਕੇ ਇਸ ਏਜੰਡੇ ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਏਜੰਡੇ ਵਿੱਚ ਕੀਤੀ ਗਈ ਤਜਵੀਜ਼ ਅਨੁਸਾਰ ਕਾਰਵਾਈ ਕਰਨ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਜਿਨ੍ਹਾਂ ਕੇਸਾਂ ਵਿੱਚ ਯੂਜ਼ਰ ਏਜੰਸੀ ਵੱਲੋਂ ਕਿਸੇ ਹੋਰ ਸਰਕਾਰੀ ਅਦਾਰੇ ਤੋਂ ਪ੍ਰਵਾਨਗੀ/ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਤਾਂ ਉਨ੍ਹਾਂ ਕੇਸਾਂ ਵਿੱਚ 2 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਕਾਸਟ ਪਾਉਣ ਅਤੇ ਜਿਨ੍ਹਾਂ ਕੇਸਾਂ ਵਿੱਚ ਯੂਜ਼ਰ ਏਜੰਸੀ ਵੱਲੋਂ ਕਿਸੇ ਸਰਕਾਰੀ ਅਦਾਰੇ ਦੀ ਪ੍ਰਵਾਨਗੀ/ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨ੍ਹਾਂ ਵਣ ਰਕਬੇ ਨੂੰ ਗੈਰ ਵਣ ਮੰਤਵ ਲਈ ਵਰਤਿਆ ਹੋਵੇ ਉਨ੍ਹਾਂ ਤੇ 10 ਗੁਣਾ ਪੀਨਲ ਕੰਪਨਸੇਟਰੀ ਅਫਾਰਸਟੇਸ਼ਨ ਕਾਸਟ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਲਈ ਮੀਟਿੰਗ ਵਿੱਚ ਇਸ ਵਿਸ਼ੇ ਤੇ ਹੋਰ ਵਿਚਾਰ-ਵਟਾਂਦਰਾ ਨਹੀਂ ਕੀਤਾ ਗਿਆ।

Scanned by CamScanner

5. ***Diversion of forest land from the area closed under Punjab Land Preservation Act, 1900 (PLPA) under Section 4 & 5 area.***

ਮਿਤੀ 3-9-08 ਨੂੰ ਇਸ ਵਿਸ਼ੇ ਤੇ ਅੰਤਰਿਮ ਤੌਰ ਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਵਣ ਵਿਭਾਗ ਪੀ.ਐਲ.ਪੀ.ਏ. ਦੇ ਰਕਬੇ ਵਿੱਚ ਸਿਰਫ ਈਕੋ ਟੂਰਿਜ਼ਮ ਰਿਜੌਰਟਸ ਪ੍ਰੋਜੈਕਟ ਦੇ ਕੇਸਾਂ ਵਿੱਚ ਜਿਹੜੇ ਸੈਰ-ਸਪਾਟਾ ਵਿਭਾਗ ਵੱਲੋਂ ਆਪਣੀ ਨਿਰਧਾਰਿਤ ਪਾਲਿਸੀ ਅਧੀਨ ਸਿਫਾਰਿਸ਼ ਕੀਤੇ ਗਏ ਹੋਣਗੇ, ਨੂੰ ਹੀ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੇਗਾ। ਜੇਕਰ ਇਨ੍ਹਾਂ ਪ੍ਰੋਜੈਕਟਸ ਵੱਲੋਂ ਪੰਜਾਬ ਸਰਕਾਰ ਦੇ ਬਾਕੀ ਸਬੰਧਤ ਵਿਭਾਗਾਂ ਵੱਲੋਂ ਨਿਰਧਾਰਿਤ ਮਾਪਦੰਡਾਂ ਨੂੰ ਵੀ ਪੂਰਾ ਕਰਨ ਦੀ ਅੰਡਰਟੇਕਿੰਗ ਵੀ ਦਿੱਤੀ ਹੋਵੇ। ਬਾਕੀ ਕੇਸਾਂ ਲਈ ਪੰਜਾਬ ਸਰਕਾਰ ਦੇ ਬਾਕੀ ਵਿਭਾਗਾਂ ਨੂੰ ਇਹ ਪੁੱਛਣ ਲਈ ਫੈਸਲਾਂ ਕੀਤਾ ਗਿਆ ਸੀ ਕਿ ਉਹ ਆਪਣੇ ਵਿਭਾਗ ਨਾਲ ਸਬੰਧਤ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਕਿਉਂ ਕਮਿਊਨਿਟੀ ਨੀਡ ਬੇਸਡ ਮੰਨਦੇ ਹਨ, ਦੀ ਉਚਿਤਤਾ ਵੀ ਦੱਸਣ। ਇਸ ਬਾਰੇ ਵਣ ਵਿਭਾਗ ਵੱਲੋਂ ਸਮੂਹ ਪ੍ਰਬੰਧਕੀ ਸਕੱਤਰਾਂ ਪਾਸੋਂ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਸਬੰਧੀ ਸੁਝਾਅ ਮੰਗੇ ਗਏ ਸੀ। ਇਸ ਸਬੰਧ ਵਿੱਚ ਸਹਿਕਾਰਤਾ ਵਿਭਾਗ, ਆਮ ਰਾਜ ਪ੍ਰਬੰਧ ਵਿਭਾਗ (ਸਕੱਤਰੇਤ ਅਮਲਾ-5 ਸ਼ਾਖਾ), ਪ੍ਰਸੋਨਲ ਵਿਭਾਗ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਡਾਇਰੈਕਟਰ, ਉਦਯੋਗ ਤੇ ਕਮਰਸ ਵਿਭਾਗ ਅਤੇ ਡਾਇਰੈਕਟਰ, ਸਟੇਟ ਟ੍ਰਾਂਸਪੋਰਟ ਵਿਭਾਗ ਵੱਲੋਂ ਨਿੱਲ ਰਪੋਟ ਪ੍ਰਾਪਤ ਹੋਈ ਹੈ। ਇਨ੍ਹਾਂ ਤੋਂ ਇਲਾਵਾ ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ "ਭਾਰਤ ਸਰਕਾਰ ਮਨਿਸਟਰੀ ਆਫ ਰੋਡ਼ ਟ੍ਰਾਂਸਪੋਰਟ ਅਤੇ ਹਾਈਵੇਜ਼, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਨੈਸ਼ਨਲ ਹਾਈਵੇ ਤੇ ਲੱਗਣ ਵਾਲੇ ਪੈਟਰੋਲ/ਡੀਜ਼ਲ/ ਗੈਸ ਪੰਪਾਂ ਨੂੰ ਐਨ.ਓ.ਸੀ. ਜਾਰੀ ਕਰਨ ਸਬੰਧੀ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ"।

ਵਿੱਤੀ ਕਮਿਸ਼ਨਰ, ਵਣ ਵੱਲੋਂ ਵਣ ਵਿਭਾਗ ਵੱਲੋਂ ਤਿਆਰ ਕੀਤੀ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟਸ ਦੀ ਕੀਤੀ ਗਈ ਪਛਾਣ ਬਾਰੇ ਦੱਸਿਆ ਗਿਆ। ਇਸ ਵਿਸ਼ੇ ਨੂੰ ਵਿਸਥਾਰ-ਪੂਰਵਕ ਵਿਚਾਰਨ ਉਪਰੰਤ ਹੇਠ ਲਿਖੇ ਪ੍ਰੋਜੈਕਟਸ/ਕੰਮਾਂ ਨੂੰ ਕਮਿਊਨਿਟੀ ਨੀਡ ਬੇਸਡ ਪ੍ਰੋਜੈਕਟ ਮੰਨਦੇ ਹੋਏ ਭਾਰਤ ਸਰਕਾਰ ਨੂੰ ਵਣ ਸੁਰੱਖਿਆ ਐਕਟ, 1980 ਅਧੀਨ ਪ੍ਰਵਾਨਗੀ ਲਈ ਸਿਫਾਰਿਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

ੳ. ਟਿਊਬਵੈੱਲ ਲਗਾਉਣ ਅਤੇ ਉਸ ਲਈ ਬਿਜਲੀ ਦੀਆਂ ਲਾਈਨਾਂ ਆਦਿ ਪਾਉਣੀਆਂ ਅਤੇ ਸਿੰਚਾਈ ਅਤੇ ਸਥਾਨਕ ਵਸਨੀਕਾਂ ਦੇ ਪੀਣ ਦੇ ਪਾਣੀ ਲਈ ਛੋਟੀਆਂ ਸਕੀਮਾਂ ਦੀ ਛੋਟ।

ਅ. ਸਿੰਚਾਈ ਅਤੇ ਹੋਰ ਕੰਮਾਂ ਲਈ ਜ਼ਮੀਨ ਥੱਲੇ ਪਾਈਪਾਂ ਪਾਉਣੀਆਂ।

ੲ. ਇਨ੍ਹਾਂ ਜ਼ਮੀਨਾਂ ਵਿੱਚ ਫਸਲਾਂ ਦੀਆਂ ਉਪਜਾਂ ਵਿੱਚ ਸੁਧਾਰ ਅਤੇ ਇਸ ਨੂੰ ਲਗਾਤਾਰ ਬਣਾਈ ਰੱਖਣ ਲਈ ਸਿੰਚਾਈ ਦੇ ਪਾਣੀ ਦਾ ਯੋਗ ਪ੍ਰਬੰਧ ਕਰਨ ਹਿੱਤ ਕੰਮ ਅਤੇ ਪਾਣੀ ਦੀ ਵੇਸਟੇਜ ਨੂੰ ਘਟਾਉਣਾ।

ਸ. ਸਥਾਨਕ ਲੋਕਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ, ਰਹਿਣ ਲਈ ਮਕਾਨ ਦੀ ਉਸਾਰੀ, ਖੇਤੀਬਾੜੀ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਸਾਰੀ ਕਰਨਾ।

ਹ. ਸਾਰੀਆਂ ਲੋਕ ਹਿੱਤ ਸੇਵਾਵਾਂ ਜੋ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

Scanned by CamScanner

ੳ. ਸੜਕਾਂ, ਪੈਟਰੋਲ ਪੰਪ, ਕੂਕਿੰਗ ਗੈਸ ਦੇ ਸਟੋਰ ਅਤੇ ਵਿਕਰੀ ਕੇਂਦਰ, ਬਿਜਲੀ ਅਤੇ ਕੇਬਲ ਦੀਆਂ ਲਾਈਨਾਂ ਪਾਉਣ ਦੇ ਕੇਸ।

ਅ. ਪੁਲ/ਪੁਲੀਆਂ, ਵਾਇਰਲੈੱਸ/ ਟੈਲੀਕਮਿਊਨੀਕੇਸ਼ਨ ਦੇ ਟਾਵਰਜ਼/ਲਾਈਨਾਂ, ਅਤੇ ਹੋਰ ਵਿਭਾਗਾਂ ਦੀਆਂ ਚੈੱਕ ਪੋਸਟਾਂ, ਤਾਰਾਂ ਲਗਾਉਣਾ, ਬਾਗਵਾਨੀ, ਮਾਈਨਰ ਫਾਰੈਸਟ ਪ੍ਰੋਡਿਊਸ ਦੀ ਵਰਤੋਂ ਸਬੰਧੀ ਪਲਾਂਟ ਤੇ ਮਸ਼ਿਨਰੀ/ ਕਾਰਖਾਨੇ ਲਗਾਉਣਾ, ਸੌਲਿਡ ਵੇਸਟ ਅਤੇ ਸੀਵਰੇਜ ਦੇ ਪਾਣੀ ਨੂੰ ਟ੍ਰੀਟ ਕਰਨ ਲਈ ਜਗ੍ਹਾ ਦੀ ਵਰਤੋਂ, ਜਨਰੇਟਰ ਸੈੱਟ ਲਗਾਉਣ ਲਈ ਜਗ੍ਹਾ ਦੀ ਵਰਤੋਂ, ਪਸ਼ੂ-ਪਾਲਣ ਲਈ ਸ਼ੈਡ/ਵਾੜਾ ਅਤੇ ਉਸ ਲਈ ਤਾਲਾਬ ਬਣਾਉਣਾ, ਹਰਬਲ ਪਾਰਕ। ਇਸ ਤੋਂ ਇਲਾਵਾ ਕੁਝ ਕੈਟਾਗਿਰੀ ਵਾਲੇ ਕੇਸ ਨੈਗੇਟਿਵ ਕੈਟਾਗਿਰੀ ਵਿੱਚ ਰੱਖੇ ਗਏ ਸਨ।

**<u>ਮਾਨਯੋਗ ਵਣ ਮੰਤਰੀ ਜੀ ਦੇ ਹੁਕਮ:-</u>**

ਮੀਟਿੰਗ ਦੀ ਕਾਰਵਾਈ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਕੀਤੇ ਗਏ ਹੁਕਮਾਂ ਅਨੁਸਾਰ ਮਾਨਯੋਗ ਵਣ ਮੰਤਰੀ ਜੀ ਨੂੰ ਪ੍ਰਵਾਨਗੀ ਲਈ ਭੇਜੀ ਗਈ ਸੀ। ਵਣ ਮੰਤਰੀ ਜੀ ਵੱਲੋਂ ਪੀ.ਐਲ.ਪੀ.ਏ. ਅਧੀਨ ਬੰਦ ਰਕਬਿਆਂ ਲਈ ਕੋਈ ਨੈਗੇਟਿਵ ਲਿਸਟ ਨਾ ਰੱਖਣ ਅਤੇ ਉਨ੍ਹਾਂ ਸਾਰੇ ਮੰਤਵਾਂ ਲਈ ਜਿਨ੍ਹਾਂ ਵਿੱਚ ਭਾਰਤ ਸਰਕਾਰ ਦੀਆਂ ਗਈਡਲਾਈਨਜ਼ ਅਨੁਸਾਰ ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ, ਨੂੰ ਐਫ.ਸੀ.ਏ. ਅਧੀਨ ਪ੍ਰਵਾਨਗੀ ਲਈ ਭੇਜਣ ਦੇ ਹੁਕਮ ਕੀਤੇ ਹਨ ਤਾਂ ਜੋ ਪੀ.ਐਲ.ਪੀ.ਏ. ਤੋਂ ਬਾਹਰ ਦੇ ਵਣ ਰਕਬਿਆਂ ਅਤੇ ਪੀ.ਐਲ.ਪੀ.ਏ. ਅਧੀਨ ਵਣ ਰਕਬਿਆਂ ਸਬੰਧੀ ਪੂਰੇ ਰਾਜ ਵਿੱਚ ਇੱਕਸਾਰਤਾ ਬਣਾਈ ਜਾ ਸਕੇ। ਮਾਨਯੋਗ ਮੰਤਰੀ ਜੀ ਵੱਲੋਂ ਇਨ੍ਹਾਂ ਹੁਕਮਾਂ ਅਨੁਸਾਰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।

6. **<u>ਹੋਰ ਅਜੰਡਾ ਆਈਟਮ</u> :-**

**5 ਹੈਕਟਰ ਤੱਕ ਦੇ ਰਕਬੇ ਦੀ ਭਾਰਤ ਸਰਕਾਰ ਪਾਸੋਂ ਜਨਰਲ ਪ੍ਰਵਾਨਗੀ ਪ੍ਰਾਪਤ ਕਰਨ ਬਾਰੇ:-**

ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ, ਪ੍ਰਿੰਸੀਪਲ ਸਕੱਤਰ ਸਾਹਿਬਾਨ ਵੱਲੋਂ ਮੁੱਖ ਸਕੱਤਰ [illegible] ਧਿਆਨ ਵਿੱਚ ਲਿਆਂਦਾ ਗਿਆ ਕਿ ਰਾਜ ਵਿੱਚ ਵਿਕਾਸ ਦੇ ਕੰਮਾਂ ਲਈ ਛੋਟੇ-ਛੋਟੇ ਵਣ-ਰਕਬਿਆਂ ਦੀ ਵਰਤੋਂ ਦੇ ਲੋੜੀਂਦੇ ਕੇਸ ਸਾਹਮਣੇ ਆਉਂਦੇ ਹਨ ਤੇ ਜਿਨਾ ਦੀ ਪ੍ਰਵਾਨਗੀ ਭਾਰਤ ਸਰਕਾਰ ਤੋਂ ਪ੍ਰਾਪਤ ਕਰਨ ਲਈ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਵਿਕਾਸ ਦੇ ਕੰਮਾਂ ਨੂੰ ਕੁਸ਼ਲਤਾ/ਤੇਜੀ ਨਾਲ ਕਰਨ ਲਈ ਇਹ ਸੁਝਾਅ ਦਿੱਤਾ ਕਿ ਅਜਿਹੇ ਕੇਸਾਂ ਦੀ ਪ੍ਰਵਾਨਗੀ ਦੇਣ ਦਾ ਅਧਿਕਾਰ ਰਾਜ ਦੇ ਵਣ ਵਿਭਾਗ ਕੋਲ ਹੋਣਾ ਚਾਹੀਦਾ ਹੈ। ਮੁੱਖ ਸਕੱਤਰ ਜੀ ਵੱਲੋਂ ਆਦੇਸ਼ ਦਿੱਤੇ ਹਨ ਕਿ ਸਰਕਾਰੀ ਵਿਭਾਗਾਂ ਵੱਲੋਂ ਸਬਮਿਟ ਕੀਤੇ 5 ਹੈਕਟਰ ਤੱਕ ਦੇ ਐਫ.ਸੀ.ਏ. ਕੇਸ ਅਤੇ ਪੀ.ਐਲ.ਪੀ.ਏ. ਅਧੀਨ ਬੰਦ ਰਕਬਿਆਂ ਵਿੱਚ 5 ਹੈਕਟਰ ਤੱਕ ਦੇ ਰਕਬੇ ਦੀ ਜ਼ਮੀਨ ਦੇ ਮਾਲਕਾਂ ਵੱਲੋਂ ਸਬਮਿਟ ਕੀਤੇ ਕੇਸਾਂ ਬਾਰੇ ਜਨਰਲ ਪ੍ਰਵਾਨਗੀ ਜਨਵੇ ਕਰਨ ਲਈ ਭਾਰਤ ਸਰਕਾਰ ਨੂੰ ਪ੍ਰਵਾਨਗੀ ਦੇਣ ਲਈ ਮਾਮਲਾ ਤੁਰੰਤ ਟੇਕ-ਅੱਪ ਕੀਤਾ ਜਾਵੇ।

Scanned by CamScanner